ਪੋਸ਼ਣ ਭਰਪੂਰ ਬ.ਗੀਚੀ ਕਰੋਨਾ ਦੇ ਹਲਾਤਾਂ ਵਿੱਚ ਉਮੀਦ ਦੀ ਕਿਰਨ

ਲਕਸਮੀ ਉਨੀਥਨ

2020 ਵਿੱਚ ਕੋਰੋਨਾ ਵਾਇਰਸ ਦੇ ਸੰਕ੍ਰਮਣ ਦੇ ਫੈਲਣ ਦੇ ਵਿਨਾਸ਼ਕਾਰੀ ਪ੍ਰਭਾਵਾ ਦਾ ਸਾਹਮਣਾ ਕਰ ਰਿਹਾ ਹੈ। ਪਰ ਦੂਜੇ ਪਾਸੇ ਦੇਸ਼ਾਂ ਵਿੱਚ ਸੰਕ੍ਰਮਣ ਦੇ ਸਿੱਧੇ ਸੰਪਰਕ ਵਿੱਚ ਆਉਣ ਤੇ ਵੀ ਵੱਡੇ ਸਟਾਲ ਮੂੰਹ ਅੱਡੀ ਖੜੇ ਹਨ। ਆਪਣੀ ਲੋਕਾਂ ਦੀ ਰੋਜੀ-ਰੋਟੀ ਖੁੱਸ ਜਾਣ, ਬੇਰੁਜਗਾਰੀ, ਭੁੱਖਮਰੀ ਅਤੇ ਨਾਗਰਿਕਾ ਦੀ ਸਮੁੱਚੀ ਸਿਹਤ ਵਿੱਚ ਆਈ ਗਿਰਾਵਟ ਨਾਲ ਨਜਿੱਠ ਰਹੇ ਹਾਂ। ਲਾਕਡਾਉਨ ਕਰਕੇ ਖੇਤੀ ਅਰਥਵਿਵਸਥਾ ਉੱਪਰ ਬਹੁਤ ਮਾੜਾ ਅਸਰ ਪਿਆ, ਹਾਲਾਂਕਿ ਸਰਕਾਰ ਨੇ ਕਿਸਾਨਾਂ ਨੂੰ ਸੁਰੱਖਿਆ ਦੇਣ ਲਈ ਕੁੱਝ ਉਪਾਆਂ ਦੀ ਘੋਸਣਾ ਕੀਤੀ ਸੀ। ਪਰ ਖਾਧ ਅਪੂਰਤੀ ਵਿੱਚ ਆਈਆਂ ਰੁਕਾਵਟਾਂ ਕਰਕੇ ਦੇਸ਼ ਭਰ ਦੇ ਕਿਸਾਨ ਪ੍ਰਭਾਵਿਤ ਹੋਏ ਅਤੇ ਇਸਦਾ ਸਭ ਤੋ ਬੁਰਾ ਅਸਰ ਛੋਟੇ ਅਤੇ ਸੀਮਾਂਤ ਕਿਸਾਨਾਂ ਉੱਪਰ ਪਿਆ। ਕਿਸਾਨ ਜਲਦੀ ਖਰਾਬ ਹੋ ਜਾਣ ਵਾਲੀਆਂ ਫ਼ਸਲਾਂ ਜਿਵੇ ਸਬਜੀਆਂ-ਫਲਾਂ ਦੀ ਵਾਢੀ ਕਰਨ ਅਤੇ ਮੰਡੀ ਤੱਕ ਪਹੁੰਚਾਉਣ ਲਈ ਮੁਸ਼ਕਿਲਾ ਦਾ ਸਾਹਮਣਾ ਕਰ ਰਹੇ ਹਨ ਕਿਉਕਿ ਮਜਦੂਰਾਂ ਦੀ ਕਮੀ ਪੈ ਗਈ, ਆਵਾਜਾਈ ਦੇ ਸਾਧਨ ਵੀ ਬੰਦ ਹੋ ਗਏ ਸਨ ਅਤੇ ਬਾਜਾਰ ਦਾ ਸੰਚਾਰਨ ਵੀ ਕਾਫੀ ਘੱਟ ਗਿਆ ਸੀ। ਅਸੀ ਕਈ ਹੋਰ ਚਣੌਤੀਆ ਇਸ ਕੋਰੋਨਾ ਕਾਲ ਦੇ ਦੌਰਾਨ ਬਿਲਕੁਲ ਹੀ ਭੁੱਲ ਗਏ।

ਜਿਵੇ ਮੌਸਮ ਦਾ ਪੈਟਰਨ, ਜਲ ਸੰਕਟ, ਮਿੱਟੀ ਦਾ ਖੋਰ ਜੋ ਕਿ ਭਵਿੱਖ ਵਿੱਚ ਭੋਜਨ ਦੀ ਪੂਰਤੀ ਨੂੰ ਪ੍ਰਭਾਵਿਤ ਕਰਨਗੇ। ਖੇਤੀ ਉਤਪਾਦਨ ਵਿੱਚ ਵਿਭਿੰਨਤਾ ਹੀ ਇਹਨਾਂ ਚਣੌਤੀਆਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਤੀਆਂ ਹੈ ਅਤੇ ਭੋਜਨ ਨੂੰ ਕੋਲੋਰੀ ਭਰਪੂਰ ਤੋ ਪੌਸ਼ਟਿਕਤਾ ਭਰਪੂਰ ਵਿੱਚ ਬਦਲ ਸਕਦੇ ਹਨ। ਸਥਿਰ ਖਾਧ ਮੁੱਲ ਲੜੀ ਵਿਕਸਿਤ ਕਰਨ ਨਾਲ ਹੀ ਖਾਧ ਮੁੱਲ ਲੜੀ ਵਿਕਸਿਤ ਕਰਨ ਨਾਲ ਹੀ ਖਾਧ ਪ੍ਰਣਾਲੀ ਵਿੱਚ ਬਦਲਾਅ ਲਿਆਂਦਾ ਜਾ ਸਕਦਾ ਹੈ।

ਲਾਕਡਾਉਨ ਦੌਰਾਨ ਸਾਡੇ ਦਿਮਾਗ ਵਿੱਚ ਸਿਰਫ ਇਕ ਤਰਾ ਦਾ ਖਿਆਲ ਆ ਰਿਹਾ ਸੀ ਕਿ ਕਿਵੇ ਇਕੋ ਸਮੇ ਸਾਫ-ਸੁਥਰਾ ਅਤੇ ਪੌਸ਼ਟਿਕ ਭੋਜਨ ਮਿਲ ਸਕੇ। ਅਸੀ ਸੰਪੂਰਨ ਭੋਜਨ ਤੋ ਕੈਲਰੀ ਭਰਪੂਰ ਪਾਸਤਾ ਅਤੇ ਬਰਗਰ ਤੱਕ ਇੱਕ ਲੰਬਾ ਸਫਰ ਤੈਅ ਕੀਤਾ। ਇੱਕ ਸਮਾਂ ਸੀ ਜਦੋ ਸਾਡੇ ਘਰ ਦੇ ਪਿੱਛੇ ਲੱਗੇ ਬਗੀਚੇ ਵਿੱਚੋ ਹੀ ਸਾਨੂੰ ਸੁੱਧ ਅਤੇ ਸਾਫ ਸੁਥਰਾ ਅਤੇ ਪੌਸ਼ਟਿਕ ਭੋਜਨ ਮਿਲਦਾ ਸੀ। ਜੋ ਸਾਡੀ



ਵਾੜੀ ਤਹਿਤ ਸ਼ੁਰੂ ਕੀਤੀ ਘਰੇਲੂ ਬਗੀਚੀ ਵਿੱਚੋਂ ਔਰਤ ਖੁਰਾਕੀ ਤੱਤਾਂ ਭਰਪੂਰ ਸਬਜ਼ੀਆਂ ਤੋੜਦੀ ਹੋਈ

ਰਸੋਈ ਵਿੱਚ ਪੱਕਦਾ ਸੀ। ਹਾਲੇ ਵੀ ਇਸ ਤਰਾ ਦੇ ਬਗੀਚੇ ਮਿਲ ਜਾਣਗੇ। ਇਹਨੀ ਦਿਨੀਂ ਸਥਾਨਕ ਹੋਣ ਨੂੰ ਨਵੀਨਤਾ ਦਾ ਨਾਮ ਦਿੱਤਾ ਗਿਆ ਹੈ ਅਤੇ ਇਸ ਉੱਪਰ ਆਧੁਨਿਕਤਾ ਦੀ ਮੋਹਰ ਵੀ ਲਗਾ ਦਿੱਤੀ ਗਈ ਹੈ। ਅਤੇ ਸੁਪਰਮਾਰਕਿਟ ਵਿੱਚ ਇਹ ਉਪਲੱਬਧ ਵੀ ਹਨ।

ਦੇਸ਼ ਭਰ ਵਿੱਚ ਪੌਸ਼ਟਿਕਤਾ ਨਾਲ ਭਰਪੂਰ ਬਗੀਚੀ ਨੂੰ ਕਈ ਸੰਸਥਾਵਾਂ ਪ੍ਰੋਤਸਾਹਿਤ ਕਰ ਰਹੀਆਂ ਹਨ ਪਰ ਇਸ ਵਿੱਚ ਸਥਾਨਕ ਸਬਜੀਆਂ ਨੂੰ ਜਰੂਰ ਸਾਮਿਲ ਕੀਤਾ ਜਾਣਾ ਚਾਹੀਦਾ ਹੈ। ਕਿਉਕਿ ਇਹ ਪੋਸ਼ਣ ਅਤੇ ਸਿਹਤ ਦੇ ਨਾਲ - ਨਾਲ ਸਮੁਦਾਇ, ਸੰਸਕ੍ਰਿਤੀ ਅਤੇ ਪਰਿਸਥਿਤਿਕ ਤੰਤਰ ਦੇ ਵਿਕਾਸ ਵਿੱਚ ਮਦਦ ਕਰਦੇ ਹਨ। ਉਦਾਹਰਨ ਲਈ ਛੱਤੀਸਗੜ ਦੀ ਸਰਕਾਰ ਨੇ ਪੌਸਟਿਕ ਬਗੀਚੀ ਦੀ ਮਹੱਤਤਾ ਨੂੰ ਸਮਝਦੇ ਹੋਏ ਐਫ ਜੀ ਜੀ ਬੀ (ਨਰਵਾਗੁਰੂ ਇੱਕ ਅਰੂਆਬਾੜੀ) ਪ੍ਰੋਗਰਾਮ ਦੇ ਅਧੀਨ ਬਾੜੀ (ਬਗੀਚੀ) ਵਿਕਸਿਤ ਕਰਨ ਦੇ ਕੰਮ ਨੂੰ ਸਾਮਿਲ ਕੀਤਾ ਹੈ ਅਤੇ ਬਾੜੀ (ਬਗੀਚੀਆ) ਕਿਵੇ ਵਿਕਸਿਤ ਕੀਤੀਆ ਜਾਣ, ਇਸ ਸੰਬੰਧੀ ਦਿਸ਼ਾ-ਨਿਰਦੇਸ਼ ਜਾਰੀ ਵੀ ਕਰ ਦਿੱਤੇ ਹਨ। ਸਰਕਾਰ ਦੁਆਰਾ ਇਹਨਾਂ ਬਗੀਚੀਆਂ ਨੂੰ ਵਿਕਸਿਤ ਕਰਨ ਲਈ ਉਠਾਏ ਗਏ ਕਦਮਾਂ ਨਾਲ ਇਸ ਮੌਸਮੀ ਅਤੇ ਮਹਾਂਮਾਰੀ ਦੀਆਂ ਚਣੌਤੀਆਂ ਦੇ ਸਮੇਂ ਵਿੱਚ ਯਕੀਨਨ ਹੀ ਖਾਧ ਸੁਰੱਖਿਆ ਅਤੇ ਪੌਸ਼ਟਿਕਤਾ ਦੀ ਦਿਸ਼ਾ ਵਿੱਚ ਸਕਾਰਾਤਮਕ ਪਰਿਵਰਤਨ ਆਉਣਗੇ।

ਪਗਦਾਨ ਦੀ ਇੱਕ ਰਿਪੋਰਟ ਮੁਤਾਬਿਕ (ਅਰਪਣ ਭੱਟਾਚਾਰੀਆ, ਅਤੇ ਅਜੇ ਗੁਪਤਾ, ਐਗ੍ਰੀਕਲਚਰ ਵਰਲਡ ਜੂਨ 2020) ਰੋਸੀ ਬਘੇਲ, ਜੋ ਕਿ ਬਸਤਰ ਦੇ ਇੱਕ ਮੱਧਵਰਤੀ ਕਿਸਾਨ ਹਨ, ਦੀ

ਕਹਾਣੀ ਕਾਫੀ ਪ੍ਰੇਰਣਾਦਾਇਕ ਹੈ। ਉਹਨਾਂ ਨੇ ਆਪਣੀ ਬਾੜੀ ਵਿਕਸਿਤ ਕੀਤੀ ਅਤੇ ਨਾਬਾਰਡ ਦੇ ਕਵੀ ਪ੍ਰੋਗਰਾਮ ਅਧੀਨ, ਜਿਲਾ ਬਾਗਬਾਨੀ ਵਿਭਾਗ, ਮਨਰੇਗਾ ਅਤੇ ਪਰਦਾਨ ਤੋ ਸਹਾਇਤਾ ਪ੍ਰਾਪਤ ਕੀਤੀ ਅਤੇ ਖੇਤੀ ਦੀਆਂ ਨਵੀਆ ਤਕਨੀਕਾਂ ਸਿੱਖੀਆਂ ਜਿਸ ਨਾਲ ਅੱਜ ਉਹ ਸਨਮਾਨਜਨਕ ਆਮਦਨੀ ਕਰ ਪਾ ਰਹੇ ਹਨ। ਇਸ ਸਭ ਨੇ ਉਹਨਾਂ ਨੂੰ ਖੇਤੀ ਦੇ ਬਦਲਦੇ ਤੌਰ ਤਰੀਕਿਆਂ ਜਿਵੇ ਆਪਣੀ ਬਾੜੀ ਵਿੱਚ ਪੌਸਟਿਕਤਾ ਭਰਪੂਰ ਘਰੇਲੂ ਬਗੀਚੀ ਲਗਾਉਣਾ ਆਦਿ ਵਿੱਚ ਭਾਗ ਲੈਣ ਲਈ ਮੰਚ ਪ੍ਰਦਾਨ ਕੀਤਾ ਹੈ। ਬਾੜੀ ਵਣਵਾਸੀਆਂ ਦੇ ਹਰ ਘਰ ਵਿੱਚ ਪਾਈ ਜਾਦੀ ਹੈ ਜਿਸ ਵਿੱਚ ਮੱਕੀ, ਮੂਲ ਅਨਾਜ ਅਤੇ ਸਥਾਨਕ ਸਬਜੀਆ ਜਿਵੇ ਪਪੀਤਾ, ਸੁਹੰਜਨਾ, ਪਰਮਲ, ਚਿੱਟਾ ਪੇਠਾ ਅਤੇ ਕਈ ਤਰਾ ਦੀਆਂ ਹਰੀਆਂ ਪੱਤੇਦਾਰ ਸਬਜੀਆਂ ਉਗਾਈਆਂ ਜਾਂਦੀਆ ਹਨ। ਜਿਸ ਨਾਲ ਆਮਦਨੀ ਦੇ ਨਾਲ-ਨਾਲ ਜਰੂਰਤ ਸਮੇ ਸਬਜੀਆਂ ਦੀ ਭਰਪੂਰ ਪੂਰਤੀ ਹੁੰਦੀ ਹੈ। ਬਾੜੀਆਂ ਆਣੀਵਾਸੀਆਂ ਖਾਸ ਕਰਕੇ ਮਹਿਲਾਵਾਂ ਲਈ ਇੱਕ ਅਨਮੋਲ ਸ੍ਰੋਤ ਹਨ। ਇਹਨਾਂ ਬਾੜੀਆਂ ਅਤੇ ਪੇਂਡੂ ਘਰਾਂ ਦੀ ਭਲਾਈ ਵਿੱਚ ਇਹਨਾਂ ਦੀ ਬਹੁਪੱਖੀ ਭੂਮਿਕਾ ਬਾਰੇ ਕੀਤੀਆਂ ਕਈ ਖੋਜਾਂ ਵੀ ਇਸ ਗੱਲ ਦਾ ਸਮਰਥਨ ਕਰਦੀਆਂ ਹਨ। ਕੋਰੋਨਾ ਕਾਲ ਵਿੱਚ ਮਹਿਲਾਵਾਂ ਦੁਆਰਾ ਅਜਿਹੇ ਪ੍ਰੋਗਰਾਮਾਂ ਅਧੀਨ ਖਾਧ ਸੁਰੱਖਿਆ ਲਈ ਬਾੜੀਆਂ ਵਿਕਸਿਤ ਕਰਵਾਉਣ ਲਈ ਆਪਣਾ ਰਜਿਟ੍ਰੇਸ਼ਨ ਕਰਵਾਉਣ ਦੀ ਸੰਖਿਆ ਵਿੱਚ ਵਾਧਾ ਦੇਖਿਆ ਗਿਆ ਹੈ। 'ਸਥਾਨਕ' ਔਰੋਵਿਲਾ ਪੁਡੂਚੇਰੀ ਦੇ ਰਹਿਣ ਵਾਲੇ ਸੌਲੀਟਿਊਡ ਫਾਰਮ ਦੇ ਕਰਤਾ - ਧਰਤਾ ਕ੍ਰਿਸ਼ਨਾ ਮੈਕੇਲੀ ਦੁਆਰਾ ਚਲਾਇਆ ਗਿਆ ਉੱਤਮ ਹੈ। ਸਥਾਨਕ ਭੋਜਨ ਉਗਾਉਣੇ ਆਸਾਨ ਹੁੰਦੇ ਹਨ ਅਤੇ ਬਹੁਤ ਜਿਆਦਾ ਮਾਤਰਾ ਵਿੱਚ ਉਗਾਏ ਜਾ ਸਕਦੇ ਹਨ। ਉਹਨਾਂ ਨੂੰ ਘੱਟ ਦੇਖਭਾਲ ਦੀ ਲੋੜ ਪੈਦੀ ਹੈ ਅਤੇ ਘੱਟ ਪਾਣੀ ਦੀ ਲੋੜ ਹੁੰਦੀ ਹੈ। ਇਹ ਆਸਾਨੀ ਨਾਲ ਹੋ ਜਾਂਦੇ ਹਨ ਅਤੇ ਪੋਸ਼ਣ ਨਾਲ ਭਰਪੂਰ ਹੁੰਦੇ ਹਨ ਅਤੇ ਹਰ ਇੱਕ ਲਈ ਆਰਥਿਕ ਤੌਰ ਤੇ ਵਿਹਾਰਕ ਵਿਕਲਪ ਹੁੰਦੇ ਹਨ।

ਪਾਲਕ, ਰਤਾਲ ਅਤੇ ਹੋਰ ਪਪੀਤੇ ਦੀ ਵਿਸ਼ਾਲ ਵਿਭਿੰਨਤਾ ਤੋ ਲਾਭ ਉਠਾਇਆ ਜਾ ਸਕਦਾ ਹੈ ਜੇਕਰ ਲੋਕ ਸਚੇਤ ਹੋ ਕੇ ਹਫਤੇ ਵਿੱਚ ਕੁੱਝ ਵਾਰ ਇਹ ਖਾਣ। ਸਾਡੀ ਚੇਤਨਾ ਵਿੱਚ ਵੀ ਵੱਡਾ ਬਦਲਾਅ ਆਵੇਗਾ ਕਿਉਕਿ ਅਸੀ ਧਰਤੀ ਮਾਂ ਨਾਲ ਆਪਣਾ ਕਿਉਕਿ ਅਸੀ ਧਰਤੀ ਮਾਂ ਨਾਲ ਆਪਣਾ ਰਿਸ਼ਤਾ ਫਿਰ ਤੋ ਸੰਬੰਧ ਸਥਾਪਤ ਕਰ ਸਕਾਂਗੇ। ਕੋਰੋਨਾ ਕਾਲ ਤੋ ਬਾਅਦ ਸੌਲੀਟਿਊਡ ਖੇਤ ਦੀ ਸਬਜੀਆਂ ਦੀ ਟੋਕਰੀ ਲੈਣ ਲਈ ਰਜਿਸਟ੍ਰੇਸਨ ਕਰਵਾਉਣ ਵਾਲਿਆਂ ਦੀ ਗਿਣਤੀ ਵਧੀ ਹੈ।

ਗੁਜਰਾਤ ਦੀ ਇੱਕ ਸੰਸਥਾ 'ਉੱਥਾਨ' ਜੋ ਕਿ ਪੇਂਡੂ ਸਮੁਦਾਇਆਂ ਦੇ ਲਗਾਤਾਰ ਸੰਪਰਕ ਵਿੱਚ ਰਹਿੰਦੀ ਹੈ, ਨੇ ਨੋਟਿਸ ਕੀਤਾ ਕਿ ਕੋਰੋਨਾ ਕਾਲ ਵਿੱਚ ਪਿੰਡਾ ਦੇ ਲੋਕਾਂ ਦੀ ਵਧੀਆ ਸਬਜੀਆ ਤੱਕ ਜਾ ਗੁਣਵੱਤਾ ਭਰਪੂਰ ਟਿਕਾਊ ਬੀਜ ਕਿਸਮਾਂ ਤੱਕ ਪਹੁੰਚ ਨਹੀ ਸੀ। ਆਮਦਨੀ ਕਮੀ ਕਾਰਨ ਜਿਆਦਾਤਰ ਪਰਿਵਾਰ ਸਬਜੀ ਖਰੀਦਣ ਨੂੰ ਮਹੱਤਵ ਨਹੀ ਦੇ ਰਹੇ ਸੀ। ਜਿਸਦਾ ਸਭ ਤੋ ਬੁਰਾ ਪ੍ਰਭਾਵ ਮਹਿਲਾਵਾਂ ਅਤੇ ਬੱਚਿਆਂ ਉੱਪਰ ਪਿਆ ਬਹੁਤ ਸਾਰੇ ਮਜਦੂਰ ਪਰਿਵਾਰਾਂ ਕੋਲ ਸਬਜੀਆਂ ਉਗਾਉਣ ਦਾ ਵਿਕਲਪ ਵੀ ਨਹੀ ਸੀ। 53 ਪਿੰਡਾਂ ਵਿੱਚ 2514 ਪਰਿਵਾਰਾਂ ਨੂੰ ਘਰੇਲੂ ਬਗੀਚੀ ਦੀਆਂ ਕਿੱਟਾਂ ਮੁਹੱਈਆ ਕਰਵਾਈਆਂ ਗਈਆਂ। ਤੱਟੀ ਇਲਾਕੇ ਦੇ 864 ਪਰਿਵਾਰਾਂ ਅਤੇ ਆਦੀਵਾਸੀਆਂ ਦੇ 1650 ਪਰਿਵਾਰਾਂ ਨੂੰ ਛੇ ਕਿਸਮ ਦੇ ਬੀਜ਼ ਦਿੱਤੇ ਗਏ। ਜੈਵਿਕ ਖਾਦ ਦੀ ਪੂਰਤੀ ਦਾ ਜਿੰਮਾ ਮਹਿਲਾਵਾਂ ਦੇ ਸਮੂਹ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾ ਦੁਆਰਾ ਸੰਭਾਲਿਆ ਗਿਆ। ਕਿਵੇ 1000-1500 ਵਰਗ ਫੁੱਟ ਜਮੀਨ ਲਈ ਢੁੱਕਵੀ ਸੀ। ਇਸ ਕਿੱਟ ਵਿੱਚ ਸਬਜੀਆਂ ਦੀਆਂ ਸਥਾਨਕ ਕਿਸਮਾਂ ਦੇ ਬੀਜ ਵੇਚੇ ਗਏ। ਕਿੱਟ ਵਿੱਚ ਭਿੰਡੀ, ਗਵਾਰਫਲੀ, ਲੌਕੀ, ਕਰੇਲਾ, ਰਵਾਂਹ, ਤੋਰੀ ਆਦਿ ਦੇ ਬੀਜ ਉਥਾਨ ਸੰਸਥਾ ਦੁਆਰਾ ਤੈਅ ਕੀਤੇ ਗਏ ਸੁਰੱਖਿਆ ਮਾਨਕਾ ਅਧੀਨ ਦਿੱਤੇ ਗਏ। ਇਸਦੇ ਨਾਲ ਹੀ ਮਾਸਕ, ਦਸਤਾਨੇ ਅਤੇ ਦੋ ਗਜ ਦੀ ਦੂਰੀ ਦਾ ਵੀ ਸੰਸਥਾ ਦੇ ਵਲੰਟੀਅਰਾ ਦੁਆਰਾ ਪੂਰਾ ਧਿਆਨ ਰੱਖਿਆ ਗਿਆ। ਪੰਚਾਇਤ ਅਤੇ ਪਿੰਡ ਦੇ ਮੋਹਤਬਰਾਂ ਦਾ ਪੂਰਾ ਸਹਿਯੋਗ ਮਿਲਿਆ। ਟਿਕਾਊ ਖੇਤੀ ਬਾਰੇ ਮਹਿਲਾ ਪ੍ਰੇਨਰਾ ਦੁਆਰਾ ਪਰਚਿਆ, ਜੈਵ ਕੀਟਨਾਸ਼ਕਾ ਅਤੇ ਹੋਰ ਖੇਤੀ ਤਰੀਕਿਆ ਬਾਰੇ ਡਿਜੀਟਲ ਤਕਨੀਕ ਦਾ ਇਸਤੇਮਾਲ ਕਰਦਿਆ ਪਿੰਡ ਵਾਸੀਆਂ ਨੂੰ ਸਿਖਾਇਆ ਗਿਆ। ਇਸ ਸੰਕਟ ਦੇ ਸਮੇ ਇਹਨਾ 2514 ਪਰਵਿਾਰਾਂ ਨੇ ਹੋਰ 7500 ਪਰਿਵਾਰਾਂ ਨੂੰ ਸਹਿਯੋਗ ਦੇਣ ਦੀ ਵਚਨਵੱਧਤਾ ਦਿਖਾਈ, ਖਾਸ ਕਰਕੇ ਉਹਨਾਂ ਪਰਿਵਾਰਾ ਨੂੰ ਜਿੰਨਾਂ ਕੋਲ ਸਬਜੀਆਂ ਉਗਾਉਣ ਲਈ ਜਮੀਨ ਨਹੀ ਸੀ ਜਾਂ ਫਿਰ ਪਾਣੀ ਦਾ ਸਾਧਨ ਨਹੀ ਸੀ। ਇਹਨਾਂ ਪਰਿਵਾਰਾਂ ਵੱਲੋ ਮੱਧ ਜੁਲਾਈ ਤੇ ਸਤੰਬਰ 2020 ਤੱਕ 7500 ਪਰਿਵਾਰਾਂ ਨੂੰ 700 ਗ੍ਰਾਮ ਦਿਨ ਦੇ ਹਿਸਾਬ ਨਾਲ ਸਬਜੀਆਂ ਦੀ ਆਨੁਵਰਤੀ ਕੀਤੀ ਗਈ ਇਹ ਮਾਤਰਾ ਔਸਤ ਛੇ ਮੈਂਬਰਾਂ ਦੇ ਇੱਕ ਪਰਿਵਾਰ ਲਈ ਕਾਫੀ ਸੀ। ਸਾਨੂੰ ਹੋਰ ਵੀ ਅਜਿਹੀਆਂ ਮੁਹਿੰਮਾਂ ਚਲਾਉਣ ਦੀ ਲੋੜ ਹੈ ਜਿਸ ਵਿੱਚ ਅਸੀ ਘਰੇਲੂ ਬਗੀਚੀ ਰਾਂਹੀ ਵਿਭਿੰਨ ਕਿਸਮਾਂ ਉਗਾ ਕੇ ਪੌਸਟਿਕ ਭੋਜਨ ਉਪਲੱਬਧ ਕਰਵਾ ਸਕੀਏ। ਸਾਨੂੰ ਇਸ ਔਖੇ ਸਮੇਂ ਵਿੱਚ ਮਹਿਲਾਵਾਂ ਅਤੇ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਦੀ ਜਰੂਰਤ ਵੱਲ ਧਿਆਨ ਦੇਣ ਦੀ ਲੋੜ ਹੈ ਅਤੇ ਪ੍ਰਤੀਰੱਖਿਆ ਪ੍ਰਣਾਲੀ ਨੂੰ ਸਿਰਫ ਅਤੇ ਸਿਰਫ ਸਥਾਨਕ ਫਲ ਸਬਜੀਆਂ ਰਾਹੀ ਵਧਾਇਆ ਜਾ ਸਕਦਾ ਹੈ ਇਸਦੇ ਨਾਲ ਹੀ ਸਾਨੂੰ ਅਜਿਹੇ ਕਿਸਾਨਾਂ ਦੇ ਸਾਥ ਦੀ ਲੋੜ ਹੈ, ਜੋ ਆਪਣੀ ਸਥਾਨਕ ਖੇਤੀ ਦੀ ਵਿਰਾਸਤ ਨੂੰ ਮਹੱਤਵ ਦੇਣ ਅਤੇ ਇੱਕ ਅਜਿਹੇ ਸਮੁਦਾਇ ਦੀ ਸਿਰਜਣਾ ਵਿੱਚ ਸਹਿਯੋਗ ਕਰਨ ਜੋ ਕਿਸਾਨਾਂ ਨੂੰ ਆਰਥਿਕ ਤੌਰ ਤੇ ਸਨਮਾਨ ਦੇਣ। ●

ਲਕਸ਼ਮੀ ਉਨੀਥਨ
ਸੰਪਾਦਕ- ਐਗਰੀਕਲਚਰਵਰਲਡ
ਮੁਖੀ - ਪੀ ਆਰ ਅਤੇ ਸੰਚਾਰ
ਕ੍ਰਿਸ਼ੀ ਜਾਗਰਨ ਡੀ ਐਮ ਆਰ ਐਗ੍ਰੀ ਮੀਡੀਆ
E-mail: dr.lakshmi@krishijagran.com

Nutrition Garden
LEISA INDIA, Dec 2020